## ਸੁਣਨ ਦੀ ਕਮਜ਼ੋਰੀ ਤੋਂ ਪੀੜਿਤ ਬੱਚਿਆਂ ਨੂੰ ਸਹਿਯੋਗ ਕਿਵੇਂ ਦੇਣਾ ਹੈ

**ਜਾਣ-ਪਛਾਣ**

ਮਾਤਾ ਪਿਤਾ ਹਮੇਸ਼ਾ ਆਪਣੇ ਬੱਚਿਆਂ ਦੀ ਕਾਬਲੀਅਤ ਨੂੰ ਨਿਖਾਰਣ ਲਈ ਵਧੀਆ ਜੀਵਨ ਅਤੇ ਸਿੱਖਣ ਦਾ ਮਾਹੌਲ ਦੇਣਾ ਚਾਹੁੰਦੇ ਹਨ। ਵਿਸ਼ੇਸ਼ ਵਿਦਿਅਕ ਲੋੜਾਂ (SEN) ਵਾਲੇ ਬੱਚਿਆਂ ਨੂੰ ਜਲਦੀ ਪਛਾਣ ਅਤੇ ਸਹਾਇਤਾ ਪ੍ਰਦਾਨ ਕਰਨਾ ਉਹਨਾਂ ਦੇ ਰੋਜ਼ਾਨਾ ਜੀਵਨ ਅਤੇ ਸਿੱਖਣ ਦੇ ਵਾਤਾਵਰਣ ਵਿੱਚ ਅਨੁਕੂਲ ਸਹੂਲਤ ਦੇਵੇਗਾ, ਅਤੇ ਉਹਨਾਂ ਦੀਆਂ ਸੰਭਾਵਨਾਵਾਂ ਦਾ ਵਿਕਾਸ ਕਰੇਗਾ।

**ਸੁਣਨ ਦੀ ਕਮਜ਼ੋਰੀ (HI) ਕੀ ਹੈ?**

ਆਡੀਟੋਰੀ ਸਿਸਟਮ ਦੇ ਕਿਸੇ ਵੀ ਹਿੱਸੇ ਵਿੱਚ ਇੱਕ ਵਿਗਾੜ ਸੁਣਨ ਦੀ ਸਮਰੱਥਾ ਨੂੰ ਪ੍ਰਭਾਵਤ ਕਰੇਗਾ, ਅਤੇ ਇਸ ਤਰ੍ਹਾਂ ਬੋਲਣ ਅਤੇ ਸੰਚਾਰ ਯੋਗਤਾਵਾਂ ਨੂੰ ਪ੍ਰਭਾਵਿਤ ਕਰੇਗਾ। 25dB ਤੋਂ ਵੱਧ ਸੁਣਨ ਦੇ ਥ੍ਰੈਸ਼ਹੋਲਡ ਵਾਲੇ ਬੱਚੇ ਨੂੰ HI ਹੈ ਇਹ ਮੰਨਿਆ ਜਾ ਸਕਦਾ ਹੈ। HI ਨੂੰ 5 ਡਿਗਰੀਆਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ:

**ਹਲਕੀ ਸੁਣਨ ਦੀ ਕਮਜ਼ੋਰੀ (ਸੁਣਨ ਦੀ ਸੀਮਾ: 26 ਤੋਂ 40 dB)**

- ਰੌਲੇ-ਰੱਪੇ ਵਾਲੇ ਮਾਹੌਲ ਵਿੱਚ ਹੋਲੀ ਜੇਹੀ ਆਵਾਜ਼ ਜਾਂ ਗੱਲਬਾਤ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ
- ਆਵਾਜ਼ ਦੇ ਸਰੋਤ ਦੇ ਨੇੜੇ ਅਤੇ ਇੱਕ ਸ਼ਾਂਤ ਸੁਣਨ ਵਾਲਾ ਵਾਤਾਵਰਣ ਆਵਾਜ਼ਾਂ ਨੂੰ ਸਮਝਣ ਦੀ ਸਮਰੱਥਾ ਨੂੰ ਵਧਾ ਸਕਦਾ ਹੈ
- ਬੋਲਣ ਵਿੱਚ ਮਾਮੂਲੀ ਸਮੱਸਿਆਵਾਂ ਹੋ ਸਕਦੀਆਂ ਹਨ

**ਮੱਧਮ ਸੁਣਨ ਦੀ ਕਮਜ਼ੋਰੀ (ਸੁਣਨ ਦੀ ਸੀਮਾ: 41 ਤੋਂ 55 dB)**

- ਆਵਾਜ਼ ਦੇ ਆਮ ਪੱਧਰ 'ਤੇ ਹੋਈ ਗੱਲਬਾਤ ਨੂੰ ਪੂਰੀ ਤਰ੍ਹਾਂ ਸਮਝਣ ਵਿੱਚ ਅਸਮਰੱਥ
- ਸੁਣਨ ਵਾਲੇ ਸਾਧਨਾਂ ਦੀ ਵਰਤੋਂ ਨਾਲ ਸੰਚਾਰ ਕਰਨ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ
- ਬੋਲਣ ਵਿੱਚ ਸਮੱਸਿਆ ਹੋ ਸਕਦੀ ਹੈ

**ਔਸਤਨ ਗੰਭੀਰ ਸੁਣਨ ਦੀ ਕਮਜ਼ੋਰੀ (ਸੁਣਨ ਦੀ ਸੀਮਾ: 56 ਤੋਂ 70 dB)**

- ਥੋੜੀ ਦੂਰੀ ਵਿੱਚ ਹੀ ਲੋਕਾਂ ਦੀ ਗੱਲ ਸੁਣ ਸਕਦਾ ਹੈ
- ਸੁਣਨ ਦੇ ਸਾਧਨ ਅਤੇ ਸਪੀਚ ਰੀਡਿੰਗ ਦੇ ਨਾਲ, ਦੂਜਿਆਂ ਨਾਲ ਸੰਚਾਰ ਕਰਨ ਦੀ ਪ੍ਰਭਾਵਸ਼ੀਲਤਾ ਨੂੰ ਵਧਾਇਆ ਜਾ ਸਕਦਾ ਹੈ, ਪਰ ਫਿਰ ਵੀ ਉਪਸਿਰਲੇਖਾਂ ਤੋਂ ਬਿਨਾਂ ਆਡੀਓ ਟੇਪਾਂ ਜਾਂ ਆਡੀਓ-ਵਿਜ਼ੂਅਲ ਜਾਣਕਾਰੀ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ
- ਬੋਲਣ ਦੇ ਵਿਕਾਸ ਵਿੱਚ ਕਾਫੀ ਹੱਦ ਤੱਕ ਰੁਕਾਵਟ ਹੈ, ਬੋਲਚਾਲ ਮਾੜੀ ਹੈ

**ਗੰਭੀਰ ਸੁਣਨ ਦੀ ਕਮਜ਼ੋਰੀ (ਸੁਣਨ ਦੀ ਸੀਮਾ: 71 ਤੋਂ 90 dB)**

- ਥੋੜੀ ਦੂਰੀ ਤੇ ਹੀ ਉੱਚੀ ਆਵਾਜ਼ ਸੁਣ ਸਕਦਾ ਹੈ
- ਦੂਜਿਆਂ ਨਾਲ ਸੰਚਾਰ ਕਰਨ ਲਈ ਸੁਣਨ ਵਾਲੇ ਉਪਕਰਨਾਂ ਅਤੇ ਸਪੀਚ ਰੀਡਿੰਗ 'ਤੇ ਨਿਰਭਰ ਰਹਿਣਾ ਪੈਂਦਾ ਹੈ, ਉਪਸਿਰਲੇਖਾਂ ਤੋਂ ਬਿਨਾਂ ਆਡੀਓ ਟੇਪਾਂ ਜਾਂ ਆਡੀਓ-ਵਿਜ਼ੂਅਲ ਜਾਣਕਾਰੀ ਨੂੰ ਸਮਝਣ ਵਿੱਚ ਮੁਸ਼ਕਲ ਹੁੰਦੀ ਹੈ

- ਬੋਲਣ ਦੇ ਵਿਕਾਸ ਵਿੱਚ ਬਹੁਤ ਰੁਕਾਵਟ ਆਉਂਦੀ ਹੈ

**ਡੂੰਘੀ ਸੁਣਨ ਦੀ ਕਮਜ਼ੋਰੀ (ਸੁਣਨ ਦੀ ਸੀਮਾ: 91 dB ਜਾਂ ਵੱਧ)**

- ਆਮ ਤੌਰ ਤੇ ਆਵਾਜ਼ਾਂ ਨੂੰ ਸੁਣਨਾ ਬਹੁਤ ਮੁਸ਼ਕਲ ਹੁੰਦਾ ਹੈ ਅਤੇ ਸਿਰਫ ਵਾਈਬ੍ਰੇਸ਼ਨਾਂ ਨੂੰ ਮਹਿਸੂਸ ਕਰ ਸਕਦਾ ਹੈ, ਆਵਾਜ਼ਾਂ ਨੂੰ ਸਮਝਣ ਲਈ ਸੁਣਨ ਵਾਲੇ ਉਪਕਰਨਾਂ ਜਾਂ ਕੋਕਲੀਅਰ ਇਮਪਲਾਂਟ ਤੇ ਨਿਰਭਰ ਰਹਿਣਾ ਪੈਂਦਾ ਹੈ।
- ਸਪੀਚ ਰੀਡਿੰਗ ਤੇ ਵੀ ਨਿਰਭਰ ਕਰਦੇ ਹਨ, ਹੋਰ ਵਿਜ਼ੂਅਲ ਸੰਕੇਤ ਜਿਵੇਂ ਕਿ ਇਸ਼ਾਰੇ ਅਤੇ ਸਰੀਰ ਦੀ ਭਾਸ਼ਾ ਗੱਲਬਾਤ ਦੇ ਭਾਸ਼ਣ ਦੀ ਸਮਝ ਲਈ ਮਦਦਗਾਰ ਹੁੰਦੇ ਹਨ, ਪਰ ਆਡੀਓ ਟੇਪਾਂ ਜਾਂ ਉਪਸਿਰਲੇਖਾਂ ਤੋਂ ਬਿਨਾਂ ਜਾਂ ਆਡੀਓ-ਵਿਜ਼ੂਅਲ ਜਾਣਕਾਰੀ ਨੂੰ ਸਮਝਣ ਵਿੱਚ ਅਸਮਰੱਥ ਹੁੰਦੇ ਹਨ।
- ਭਾਸ਼ਣ ਦੇ ਵਿਕਾਸ ਵਿੱਚ ਬਹੁਤ ਰੁਕਾਵਟ ਹੈ

## ਮਾਪਿਆਂ ਦੀਆਂ ਭੂਮਿਕਾਵਾਂ

**ਮੈਨੂੰ ਸ਼ੱਕ ਹੈ ਕਿ ਮੇਰੇ ਬੱਚੇ ਨੂੰ HI ਹੋ ਸਕਦਾ ਹੈ...**

- ਜਿੰਨੀ ਜਲਦੀ ਹੋ ਸਕੇ ਡਾਕਟਰੀ ਸਲਾਹ ਲਓ। ਲੋੜ ਪੈਣ ਤੇ, ਸੰਬੰਧਿਤ ਪੇਸ਼ੇਵਰ ਸਕੂਲ-ਅਧਾਰਤ ਸਹਾਇਤਾ ਅਤੇ ਸੰਬੰਧਿਤ ਫਾਲੋ-ਅੱਪ ਲਈ ਸਿੱਖਿਆ ਬਿਊਰੋ (EDB) ਦੇ ਐਜੂਕੇਸ਼ਨਲ ਆਡੀਓਲੋਜੀ ਸਰਵਿਸ ਸੈਕਸ਼ਨ (EDB) ਵਿੱਚ ਲਗਾਤਾਰ HI ਵਾਲੇ ਵਿਦਿਆਰਥੀਆਂ ਨੂੰ ਭੇਜੇਗਾ।

**ਮੇਰੇ ਬੱਚੇ ਦਾ ਮੁਲਾਂਕਣ ਕੀਤਾ ਗਿਆ ਹੈ ਅਤੇ ਉਸਨੂੰ HI ਹੈ...**

- ਸਕੂਲ ਨੂੰ ਆਪਣੇ ਬੱਚੇ ਦੀ SEN ਜਾਣਕਾਰੀ ਤੁਰੰਤ ਅਤੇ ਕਿਰਿਆਸ਼ੀਲ ਤੌਰ ਤੇ ਪ੍ਰਦਾਨ ਕਰੋ, ਜਿਸ ਵਿੱਚ ਸਕੂਲ ਨੂੰ ਆਡੀਓਲੋਜੀਕਲ ਰਿਪੋਰਟ ਟਰਾਂਸਫਰ ਵੀ ਸ਼ਾਮਲ ਹੈ, ਤਾਂ ਜੋ ਸਕੂਲ ਉਚਿਤ ਸਹਾਇਤਾ ਸੇਵਾਵਾਂ ਦਾ ਪ੍ਰਬੰਧ ਕਰ ਸਕੇ।
- ਤੁਹਾਡੇ ਬੱਚੇ ਦੀ ਸਿੱਖਣ ਦੀਆਂ ਸਥਿਤੀਆਂ ਨੂੰ ਸਮਝਣ ਲਈ ਸਕੂਲ ਦੀ ਵਿਦਿਆਰਥੀ ਸਹਾਇਤਾ ਟੀਮ, ਕਲਾਸ ਅਧਿਆਪਕ ਅਤੇ ਵਿਸ਼ਾ ਅਧਿਆਪਕਾਂ ਨਾਲ ਸੰਚਾਰ ਬਣਾਈ ਰੱਖੋ; ਅਤੇ ਲੋੜ ਪੈਣ 'ਤੇ ਉਹਨਾਂ ਨਾਲ ਉਚਿਤ ਸਹਾਇਤਾ ਨੀਤੀਆਂ ਬਾਰੇ ਚਰਚਾ ਕਰੋ
- ਆਪਣੇ ਬੱਚੇ ਨੂੰ ਲਗਾਤਾਰ ਸੁਣਨ ਵਾਲੇ ਯੰਤਰਾਂ ਦੀ ਵਰਤੋਂ ਕਰਨ ਦੀ ਆਦਤ ਪਾਉਣ ਲਈ ਉਤਸ਼ਾਹਿਤ ਕਰੋ
- ਪੁਨਰਵਾਸ ਸਿਖਲਾਈ ਵਿੱਚ ਹਾਸਲ ਕੀਤੇ ਹੁਨਰਾਂ ਦਾ ਉਸ ਨਾਲ ਅਭਿਆਸ ਕਰੋ, ਜਿਵੇਂ ਕਿ ਸੁਣਵਾਈ ਅਤੇ ਭਾਸ਼ਣ ਸਿਖਲਾਈ ਤਕਨੀਕ
- ਜਿੱਥੋਂ ਤੱਕ ਹੋ ਸਕੇ ਆਪਣੇ ਬੱਚੇ ਦੇ ਸਾਹਮਣੇ ਬੋਲੋ ਤਾਂ ਜੋ ਉਹ ਤੁਹਾਡੇ ਬੁੱਲ੍ਹਾਂ ਦੀ ਹਰਕਤ, ਚਿਹਰੇ ਦੇ ਹਾਵ-ਭਾਵ ਅਤੇ ਇਸ਼ਾਰੇ ਦੇਖ ਸਕੇ। ਸਪਸ਼ਟ ਅਤੇ ਕੁਦਰਤੀ ਤੌਰ 'ਤੇ ਬੋਲੋ। ਇਹ ਯਕੀਨੀ ਬਣਾਓ ਕਿ ਆਪਣੀ ਆਵਾਜ਼ ਨੂੰ ਜਾਣਬੁੱਝ ਕੇ ਉੱਚਾ ਨਾ ਕਰੋ, ਬਹੁਤ ਹੌਲੀ ਨਾ ਬੋਲੋ, ਜਾਂ ਜ਼ੁਬਾਨੀ ਹਿਲਜੁਲ ਨੂੰ ਬਹੁਤ ਜ਼ਿਆਦਾ ਨਾ ਵਧਾਓ। ਜੇ ਤੁਹਾਨੂੰ ਉਸਦਾ ਧਿਆਨ ਖਿੱਚਣ ਦੀ ਲੋੜ ਹੈ, ਤਾਂ ਉਸਦੇ ਮੋਢੇ 'ਤੇ ਟੈਪ ਕਰੋ ਜਾਂ ਸੰਕੇਤ ਦੇਣ ਲਈ ਹੋਰ ਇਸ਼ਾਰਿਆਂ ਦੀ ਵਰਤੋਂ ਕਰੋ
- ਸੰਖੇਪ ਸ਼ਬਦਾਂ ਨੂੰ ਸਮਝਾ ਕੇ ਅਤੇ ਗੁੰਝਲਦਾਰ ਵਾਕਾਂ ਨੂੰ ਦੁਹਰਾਉਣ ਜਾਂ ਸਰਲ ਬਣਾ ਕੇ ਗੱਲਬਾਤ ਨੂੰ ਸਮਝਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ। ਤੁਸੀਂ ਸੰਕੇਤਾਂ ਦੇ ਤੌਰ 'ਤੇ ਇਸ਼ਾਰਿਆਂ ਦੀ ਵਰਤੋਂ ਵੀ ਕਰ ਸਕਦੇ ਹੋ ਜਾਂ ਆਪਣੇ ਆਪ ਨੂੰ ਸਪੱਸ਼ਟ ਕਰਨ ਲਈ ਮੁੱਖ ਸ਼ਬਦਾਂ ਨੂੰ ਲਿਖ ਸਕਦੇ ਹੋ

- ਆਪਣੇ ਬੱਚੇ ਨੂੰ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰੋ ਅਤੇ ਉਸਨੂੰ ਢੁਕਵੀਂ ਸਿਖਲਾਈ ਪ੍ਰਾਪਤ ਕਰਨ ਦਿਓ, ਤਾਂ ਜੋ ਉਸਦਾ ਸਵੈ-ਮਾਣ ਵਧਾਇਆ ਜਾ ਸਕੇ ਅਤੇ ਉਸਦੇ ਸਮਾਜਿਕ ਹੁਨਰ ਵਿੱਚ ਸੁਧਾਰ ਕੀਤਾ ਜਾ ਸਕੇ।
- ਆਪਣੇ ਬੱਚੇ ਨੂੰ ਪੜ੍ਹਨ ਦੀ ਚੰਗੀ ਆਦਤ ਬਣਾਉਣ ਲਈ ਉਤਸ਼ਾਹਿਤ ਕਰੋ ਅਤੇ ਪ੍ਰਭਾਵਸ਼ਾਲੀ ਸਿੱਖਣ ਦੇ ਹੁਨਰ ਅਤੇ ਨੀਤੀਆਂ ਨੂੰ ਸਮਝਣ ਵਿੱਚ ਉਹਨਾਂ ਦੀ ਮਦਦ ਕਰੋ ਤਾਂ ਜੋ ਉਸਦੀ ਭਾਸ਼ਾ ਦੀਆਂ ਯੋਗਤਾਵਾਂ ਨੂੰ ਹੌਲੀ-ਹੌਲੀ ਮਜ਼ਬੂਤ ਕੀਤਾ ਜਾ ਸਕੇ।
- ਸਹਾਇਤਾ ਪ੍ਰਦਾਨ ਕਰਨ ਲਈ ਅਧਿਆਪਕਾਂ ਜਾਂ ਹੋਰ ਪੇਸ਼ੇਵਰਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰੋ

**ਸਹਾਇਤਾ ਸੇਵਾਵਾਂ ਅਤੇ ਨੀਤੀਆਂ**

ਆਮ ਤੌਰ 'ਤੇ, EDB, ਪੇਸ਼ੇਵਰਾਂ ਦੇ ਮੁਲਾਂਕਣ ਅਤੇ ਸਿਫ਼ਾਰਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਮਾਪਿਆਂ ਦੀ ਸਹਿਮਤੀ ਨਾਲ, 61dB ਜਾਂ ਇਸ ਤੋਂ ਵੱਧ ਦੀ ਔਸਤ ਸੁਣਵਾਈ ਦੀ ਸੀਮਾ ਵਾਲੇ ਵਿਦਿਆਰਥੀਆਂ ਨੂੰ ਤੀਬਰ ਸਹਾਇਤਾ ਸੇਵਾਵਾਂ ਪ੍ਰਾਪਤ ਕਰਨ ਲਈ HI ਵਾਲੇ ਬੱਚਿਆਂ ਲਈ ਸਕੂਲਾਂ ਵਿੱਚ ਭੇਜੇਗਾ। HI ਵਾਲੇ ਹੋਰ ਵਿਦਿਆਰਥੀ ਸਾਧਾਰਨ ਸਕੂਲਾਂ ਵਿੱਚ ਜਾ ਸਕਦੇ ਹਨ। ਸਕੂਲ ਵਿਦਿਆਰਥੀਆਂ ਦੀਆਂ ਲੋੜਾਂ ਦੇ ਅਨੁਸਾਰ ਹੇਠਾਂ ਦਿੱਤੀ ਸਹਾਇਤਾ ਪ੍ਰਦਾਨ ਕਰਨਗੇ:

**ਵਿਸ਼ੇਸ਼ ਸਕੂਲ**

HI ਵਾਲੇ ਬੱਚਿਆਂ ਲਈ ਸਕੂਲ 61dB ਜਾਂ ਇਸ ਤੋਂ ਵੱਧ ਦੀ ਔਸਤ ਸੁਣਵਾਈ ਦੀ ਸੀਮਾ ਵਾਲੇ ਵਿਦਿਆਰਥੀਆਂ ਲਈ ਪ੍ਰਾਇਮਰੀ ਇੱਕ ਤੋਂ ਸੈਕੰਡਰੀ ਛੇ ਸਿੱਖਿਆ ਸੇਵਾਵਾਂ ਪ੍ਰਦਾਨ ਕਰਨਗੇ, ਤਾਂ ਜੋ ਉਹਨਾਂ ਦੀ HI ਨੂੰ ਦੂਰ ਕਰਨ ਅਤੇ ਉਹਨਾਂ ਦੀ ਸਮਰੱਥਾ ਨੂੰ ਵਿਕਸਿਤ ਕਰਨ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ। ਵਿਦਿਆਰਥੀਆਂ ਦੀਆਂ ਕਾਬਲੀਅਤਾਂ ਦੇ ਨਾਲ-ਨਾਲ ਉਹਨਾਂ ਦੀਆਂ ਸਿੱਖਣ ਅਤੇ ਸੰਚਾਰ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਕੂਲ ਅਧਿਆਪਨ ਅਤੇ ਸਿੱਖਣ (ਮੌਖਿਕ, ਸੰਕੇਤ ਅਤੇ ਪੂਰਾ  ਸੰਚਾਰ ਸਮੇਤ)ਵਿੱਚ ਸਬ ਤੋਂ ਉਚਿਤ ਸੰਚਾਰ ਦਾ ਤਰੀਕਾ ਅਪਨਾਂਗੇ ; ਅਧਿਆਪਕ HI ਜਾਂ ਆਮ ਸੁਣਵਾਈ ਵਾਲੇ ਲੋਕਾਂ ਨਾਲ ਸੰਚਾਰ ਕਰਨ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਕਰਨ ਲਈ ਵਿਦਿਆਰਥੀਆਂ ਨੂੰ ਮੌਖਿਕ ਭਾਸ਼ਾ ਸੁਣਨ ਲਈ ਆਪਣੀ ਬਚੀ ਹੋਈ ਸੁਣਵਾਈ ਦੀ ਵਰਤੋਂ ਕਰਨ ਲਈ ਵੀ ਸਿਖਲਾਈ ਦੇਣਗੇ।

**ਆਮ ਸਕੂਲ**

- ਪ੍ਰਭਾਵੀ ਅਧਿਆਪਨ ਵਿਧੀਆਂ ਅਤੇ ਸਮੱਗਰੀਆਂ ਨੂੰ ਅਪਨਾਨਾ ਜਿਵੇਂ ਕਿ ਵਿਜ਼ੂਅਲ ਨੀਤੀਆਂ ਦੀ ਵਰਤੋਂ ਕਰਨਾ,   ਨਾਲ ਹੀ HI ਵਾਲੇ ਵਿਦਿਆਰਥੀਆਂ ਦੀ ਪ੍ਰਗਤੀ 'ਤੇ ਯੋਜਨਾਬੱਧ ਸਹਾਇਤਾ ਅਤੇ ਨਿਯਮਤ ਸਮੀਖਿਆ ਪ੍ਰਦਾਨ ਕਰਨ ਲਈ ਉੱਚਿਤ ਸਹਾਇਤਾ ਉਪਾਅ ਤਿਆਰ ਕਰਨਾ, ।
- ਵਧੀਆ ਸੁਣਨ ਵਾਲੇ ਵਾਤਾਵਰਣ ਪ੍ਰਦਾਨ ਕਰੋ, ਜਿਸ ਵਿੱਚ ਸ਼ਾਂਤ ਪੜ੍ਹਾਉਣ ਵਾਲੇ ਵਾਤਾਵਰਣ ਦੀ ਸਥਾਪਨਾ, ਤਰਜੀਹੀ ਬੈਠਣ ਦੀ ਵਿਵਸਥਾ ਆਦਿ ਸ਼ਾਮਲ ਹਨ।
- ਜੇ ਲੋੜ ਹੋਵੇ ਤਾਂ HI ਵਾਲੇ ਵਿਦਿਆਰਥੀਆਂ ਨੂੰ ਵਾਇਰਲੈੱਸ ਟ੍ਰਾਂਸਮਿਸ਼ਨ ਸਿਸਟਮ (WTS) ਪ੍ਰਦਾਨ ਕਰੋ, ਤਾਂ ਜੋ ਉਹਨਾਂ ਨੂੰ ਅਧਿਆਪਕਾਂ ਦੇ ਭਾਸ਼ਣ ਸੰਕੇਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕਰਨ ਦੀ ਸਹੂਲਤ ਦਿੱਤੀ ਜਾ ਸਕੇ।
- HI ਵਾਲੇ ਵਿਦਿਆਰਥੀਆਂ ਨੂੰ ਸਿੱਖਣ ਵਿੱਚ ਆਪਣੀ ਬਚੀ ਹੋਈ ਸੁਣਨ ਸ਼ਕਤੀ ਦੀ ਵਰਤੋਂ ਕਰਨ ਵਿੱਚ ਮਦਦ

ਕਰਨ ਲਈ ਸਿਖਲਾਈ ਸਮੱਗਰੀ, ਸਰੋਤ ਪੈਕੇਜ ਆਦਿ ਦੀ ਵਰਤੋਂ ਕਰੋ ਤਾਂ ਜੋ HI ਤੋਂ ਪੈਦਾ ਹੋਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਉਹਨਾਂ ਦੇ ਸਮਾਜਿਕ ਹੁਨਰ, ਸੰਚਾਰ ਅਤੇ ਸਿੱਖਣ ਦੀ ਪ੍ਰਭਾਵਸ਼ੀਲਤਾ ਨੂੰ ਵਧਾਇਆ ਜਾ ਸਕੇ।

**ਵਾਧੂ ਸਹਾਇਤਾ**

➢ **ਸੁਣਨ ਦੀ ਸਹਾਇਤਾ ਫਿਟਿੰਗ ਅਤੇ ਸੰਬੰਧਿਤ ਸੇਵਾਵਾਂ**

HI ਵਾਲੇ ਵਿਦਿਆਰਥੀਆਂ ਲਈ ਸੁਣਨ ਦੇ ਸਾਧਨਾਂ ਦੀ ਲੋੜ ਹੁੰਦੀ ਹੈ, EDB ਮੁਫਤ ਸੁਣਨ ਦੀ ਸਹਾਇਤਾ ਦੀ ਫਿਟਿੰਗ ਅਤੇ ਸੰਬੰਧਿਤ ਸੇਵਾਵਾਂ ਦਾ ਪ੍ਰਬੰਧ ਕਰਦਾ ਹੈ ਜਿਸ ਵਿੱਚ ਸੁਣਨ ਦੇ ਸਾਧਨਾਂ ਦੀ ਆਪੂਰਤੀ, ਇਯਰਮੋਲਡ ਅਤੇ ਸੰਬੰਧਿਤ ਫਾਲੋ-ਅੱਪ ਸੇਵਾਵਾਂ ਜਿਵੇਂ ਕਿ ਸਮਾਯੋਜਨ ਅਤੇ ਮੁਰੰਮਤ ਆਦਿ ਸ਼ਾਮਲ ਹਨ।

➢ **"ਸੁਣਨ ਦੀ ਕਮਜ਼ੋਰੀ ਵਾਲੇ ਵਿਦਿਆਰਥੀਆਂ ਲਈ ਐਨਹਾਂਸਡ ਸਪੋਰਟ ਸਰਵਿਸ (ESS)"**

• ਜਨਤਕ ਖੇਤਰ ਦੇ ਸਾਧਾਰਨ ਸਕੂਲਾਂ ਅਤੇ ਵਿਸ਼ੇਸ਼ ਸਕੂਲਾਂ ਵਿੱਚ HI ਵਾਲੇ ਵਿਦਿਆਰਥੀਆਂ ਨੂੰ ਲੋੜ ਦੇ ਆਧਾਰ 'ਤੇ ਵਾਧੂ ਸਹਾਇਤਾ ਪ੍ਰਦਾਨ ਕਰਨ ਲਈ EDB ਨੇ HI ਵਾਲੇ ਬੱਚਿਆਂ ਲਈ ਇੱਕ ਸਕੂਲ ਸ਼ੁਰੂ ਕੀਤਾ ਹੈ।

• ਜੇਕਰ HI ਵਾਲੇ ਵਿਦਿਆਰਥੀ ਜੋ ਸੁਣਨ ਵਾਲੇ ਯੰਤਰਾਂ ਦੀ ਵਰਤੋਂ ਕਰਦੇ ਹਨ, ਸਕੂਲ ਅਧਾਰਤ ਸਹਾਇਤਾ ਪ੍ਰਾਪਤ ਕਰਨ ਤੋਂ ਬਾਅਦ ਵੀ ਅਨੁਕੂਲਤਾ, ਸਿੱਖਣ ਜਾਂ ਸੰਚਾਰ ਸਮੱਸਿਆਵਾਂ ਹਨ, ਤਾਂ EDB, ਮਾਪਿਆਂ ਦੀ ਸਹਿਮਤੀ ਅਤੇ EDB ਦੇ ਮੁਲਾਂਕਣ ਦੇ ਅਧੀਨ, ਵਿਦਿਆਰਥੀਆਂ ਨੂੰ ਸੇਵਾ ਪ੍ਰਾਪਤ ਕਰਨ ਦਾ ਪ੍ਰਬੰਧ ਕਰੇਗਾ।

• ਸੇਵਾ ਸਮੱਗਰੀ ਵਿੱਚ ਸ਼ਾਮਲ ਹਨ: HI ਨਾਲ ਵਿਦਿਆਰਥੀਆਂ ਦੇ ਭਾਸ਼ਣ, ਭਾਸ਼ਾ, ਸੰਚਾਰ ਅਤੇ ਸਮਾਜਿਕ ਹੁਨਰ ਨੂੰ ਮਜ਼ਬੂਤ ਕਰਨਾ; ਸਕੂਲ ਦੇ ਅਧਿਆਪਕਾਂ ਨਾਲ ਵਿਦਿਆਰਥੀਆਂ ਨੂੰ HI ਨਾਲ ਪੜ੍ਹਾਉਣ ਬਾਰੇ ਤਜ਼ਰਬੇ ਨੂੰ ਸਾਂਝਾ ਕਰਨਾ, ਅਤੇ ਮਾਪਿਆਂ ਨੂੰ ਲੋੜੀਂਦੇ ਗਿਆਨ, ਹੁਨਰ ਅਤੇ ਨੀਤੀਆਂ ਨਾਲ ਜੋੜਨਾ ਤਾਂ ਜੋ ਉਹ ਆਪਣੇ ਬੱਚਿਆਂ ਨੂੰ HI ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸਹਾਇਤਾ ਕਰ ਸਕਣ।

**ਸਵਾਲਾਂ ਲਈ ਉਪਯੋਗੀ ਵੈੱਬਸਾਈਟਾਂ ਅਤੇ ਟੈਲੀਫ਼ੋਨ ਨੰਬਰ**

**ਸਿੱਖਿਆ ਬਿਊਰੋ**

http://www.edb.gov.hk

| | |
|---|---|
| ਹਾਂਗਕਾਂਗ ਖੇਤਰੀ ਸਿੱਖਿਆ ਦਫਤਰ | 2863 4646 |
| ਕੋਲੂਨ ਖੇਤਰੀ ਸਿੱਖਿਆ ਦਫ਼ਤਰ | 3698 4108 |
| ਨਿਊ ਟੈਰੀਟਰੀਜ਼ ਪੂਰਬੀ ਖੇਤਰੀ ਸਿੱਖਿਆ ਦਫ਼ਤਰ | 2639 4876 |
| ਨਿਊ ਟੈਰੀਟਰੀਜ਼ ਪੱਛਮੀ ਖੇਤਰੀ ਸਿੱਖਿਆ ਦਫ਼ਤਰ | 2437 7272 |
| ਵਿਸ਼ੇਸ਼ ਸਿੱਖਿਆ ਤੇ ਆਮ ਸਵਾਲ | 3698 3957 |
| ਵਿਦਿਅਕ ਔਡਿਉਲੋਜੀ ਸੇਵਾ ਸੈਕਸ਼ਨ | 3698 3909 |

**"SENSE" ਏਕੀਕ੍ਰਿਤ ਸਿੱਖਿਆ ਅਤੇ ਵਿਸ਼ੇਸ਼ ਸਿੱਖਿਆ ਜਾਣਕਾਰੀ ਔਨਲਾਈਨ**

https://sense.edb.gov.hk

•HI ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਬਾਰੇ ਜਾਣਕਾਰੀ

https://sense.edb.gov.hk/en/types-of-special-educational-needs/intellectual-disability/index.html

• “ਏਕੀਕ੍ਰਿਤ ਸਿੱਖਿਆ ਲਈ ਪੂਰੇ ਸਕੂਲ ਪਹੁੰਚ ਬਾਰੇ ਮਾਪਿਆਂ ਦੀ ਗਾਈਡ”

https://sense.edb.gov.hk/uploads/page/integrated-education/guidelines/ieparentguide.pdf

• "ਏਕੀਕ੍ਰਿਤ ਸਿੱਖਿਆ ਲਈ ਪੂਰੇ ਸਕੂਲ ਪਹੁੰਚ" ਤੇ ਆਪ੍ਰੇਸ਼ਨ ਗਾਈਡ

https://sense.edb.gov.hk/uploads/page/integrated_education/landing/ie_guide_en.pdf

**ਸਿਹਤ ਵਿਭਾਗ**

| | |
|---|---|
| ਬਾਲ ਮੁਲਾਂਕਣ ਸੇਵਾ | https://www.dhcas.gov.hk/en/ |
| ਵਿਦਿਆਰਥੀ ਸਿਹਤ ਸੇਵਾ | https://www.studenthealth.gov.hk/eindex.html |

**ਸਮਾਜ ਭਲਾਈ ਵਿਭਾਗ**

https://www.swd.gov.hk